**A. <u>ਪਾਸਪੋਰਟ : ਆਮਜਾਣਕਾਰੀ</u>**

1. ਬਿਨੈਕਾਰ ਨੇ ਆਨਲਾਇਨ ਫਾਰਮ ਭਰ ਕੇ ਇਸ ਦਾ ਇਸ ਦਾ ਪ੍ਰਿੰਟ ਜਾਮਾ ਕਰਵਾਉਣਾ ਹੈ. ਅਰਜੀ ਫਾਰਮ ਇਸ ਯੂ ਆਰ ਐਲ https://embassy.passportindia.gov.in/ ਦੁਆਰਾ ਭਰੇ ਜਾ ਸਕਦੇ ਹਨ।
2. ਪਾਸਪੋਰਟ ਸੇਵਾ ਲਈ ਸਾਰੀਆਂ ਅਰਜ਼ੀਆਂ, ਭਾਵੇਂ ਉਹ ਨਵਾਂ ਪਾਸਪੋਰਟ ਲਈ ਹੋਵੇ, ਮਿਆਦ ਖ਼ਤਮ ਹੋਣ ਤੇ ਪਾਸਪੋਰਟ ਮੁੜ ਜਾਰੀ ਕਰਨ ਜਾ ਗੁਆਚੇ/ ਚੋਰੀ/ਨੁਕਸਾਨ ਲਈ, ਮੌਜੂਦਾ ਪਾਸਪੋਰਟ ਵਿਚ ਕੋਈ ਵੀ ਤਬਦੀਲੀ ਲਈ (ਜਿਵੇ ਨਾਮ ਵਿਚ ਪੂਰਾ/ਅੰਸ਼ਕ ਬਦਲਾਵ, ਨਾਮ-ਉਪਨਾਮ ਨੂੰ ਵੱਖਰਾ ਕਰਨਾ, ਵਿਆਹ ਤੋਂ ਬਾਅਦ ਨਾਮ ਬਦਲਣਾ, ਦਿੱਖ ਵਿਚ ਤਬਦੀਲੀ, ਜਨਮ ਤਰੀਕ ਵਿਚ ਤਬਦੀਲੀ, ਜਨਮ ਸਥਾਨ ਵਿਚ ਤਬਦੀਲੀ, ਲਿੰਗ ਵਿਚ ਤਬਦੀਲੀ, ਹਸਤਾਖਰ ਵਿਚ ਤਬਦੀਲੀ ਜਾਂ ਮੌਜੂਦਾ ਪਾਸਪੋਰਟ ਕਿਤਾਬਚਾ ਵਿੱਚ ਪੰਨਿਆਂ ਦਾ ਨਿਕਾਸ) ਇਸੇ ਲਿੰਕ ਰਹੀ ਹੀ ਕੀਤੀਆਂ ਜਾ ਸਕਦੀਆਂ ਹਨ।
3. ਪਾਸਪੋਰਟ ਦੀ ਮਿਆਦ ਖਤਮ ਹੋਣ ਤੋਂ ਇਕ ਸਾਲ ਪਹਿਲਾਂ ਜਾਂ ਮੌਜੂਦਾ ਵੇਰਵਿਆਂ ਵਿਚ ਤਬਦੀਲੀ ਕਾਰਨ ਪਾਸਪੋਰਟ ਮੁੜ ਜਾਰੀ ਕਰਨ ਲਈ ਅਰਜੀ ਦਿੱਤੀ ਜਾ ਸਕਦੀ ਹੈ।
4. ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਭਾਰਤੀ ਮਾਪਿਆਂ ਦੇ ਨਵਜੰਮੇ ਬੱਚੇ ਦੀ ਜਨਮ ਰਜਿਸਟਰੀ ਜਨਮ ਦੇ ਇੱਕ ਸਾਲ ਦੇ ਅੰਦਰ ਕੌਂਸਲੇਟ ਵਿੱਚ ਕੀਤੀ ਜਾਣੀ ਚਾਹੀਦੀ ਹੈ, ਨਹੀਂ ਤਾਂ ਬੱਚੇ ਨੂੰ ਪਾਸਪੋਰਟ ਜਾਰੀ ਕਰਨ ਵਿੱਚ ਦੇਰੀ ਹੋਵੇਗੀ।

**B. <u>ਕੌਣ ਅਰਜ਼ੀ ਦੇ ਸਕਦਾ ਹੈ</u>**

ਲੰਬੋਰਦੀਆਂ, ਪਿਓਮੋਨਤੇ , ਵਾਲ ਦ ਅਉਸਤਾ, ਤਰੇਂਤੀਨੋ -ਆਲਤੋ ਅਦਿਜੇ , ਫਰਿਉਲੀ ਵੇਨੇਸਿਆ ਜੁਲਿਆ, ਵੇਨੇਤੋ, ਲਿਗੁਰਿਆ ਅਤੇ ਏਮਿਲਿਆ ਰੋਮਾਨੀਆ ਵਿਖੇ ਵਸਦੇ ਭਾਰਤੀ ਨਾਗਰਿਕ, **ਪਾਸਪੋਰਟ ਸੇਵਾਵਾਂ ਲਈ ਪੋਸਟ ਰਾਹੀਂ** ਭਾਰਤੀ ਕੌਂਸਲਵਾਸ ਮਿਲਾਨ ਵਿਖੇ ਅਪਲਾਈ ਕਰ ਸਕਦੇ ਹਨ |

**C. <u>ਜਾਮਾ ਕਰਵਾਉਣ ਦੀ ਵਿਧੀ</u>**

ਅਰਜੀਆਂ ਸਿਰਫ ਡਾਕ ਰਾਹੀ ਹੀ ਭੇਜੀਆਂ ਜਾ ਸਕਦੀਆਂ ਹਨ | ਤਿਆਰ ਪਾਸਪੋਰਟ ਦੀ ਵਾਪਸੀ ਲਈ ਪਹਿਲਾ ਭੁਗਤਾਨ ਕੀਤਾ ਸਵੈ-ਪਤੇ ਵਾਲਾ ਲਿਫਾਫਾ ਡਾਕ ਐਪਲੀਕੇਸ਼ਨ ਦੇ ਨਾਲ ਭੇਜਣਾ ਲਾਜ਼ਮੀ ਹੈ| ਡਾਕ ਦੀ ਚੋਣ ਹੇਠ ਲਿਖਿਆਂ ਵਿੱਚੋ ਕੋਈ ਵੀ ਕਰ ਸਕਦੇ ਹੋ:

1. **ਡੀ ਐਚ ਐਲ ਕੋਰੀਅਰ (ਸਮਰਪਿਤ ਲਿੰਕ<u>Click here</u>)**
   ਆਨਲਾਇਨ ਉਪਲਬਧ ਵੇਰਵਿਆਂ ਨੂੰ ਸਹੀ ਡੰਗ ਨਾਲ ਭਰੋ ਅਤੇ ਆਨਲਾਇਨ ਭੁਗਤਾਨ ਤੋਂ ਬਾਅਦ, , ਦੋ ਤਿਆਰ ਹੋਏ ਏਅਰਵੇ ਬਿਲ ਤੁਹਾਡੀ ਈ-ਮੇਲ ਤੇ ਪ੍ਰਾਪਤ ਹੋਣਗੇ
   a. ਪਹਿਲਾਂ ਏਅਰਵੇਬਲ / ਸ਼ਿਪਮੈਂਟ ਲੇਬਲ / ANDATA ਅਤੇ ਕਾੱਪੀ
   b. ਦੂਜਾ ਏਅਰਵੇਬਲ / ਰਿਟਰਨ ਸ਼ਿਪਮੈਂਟ ਲੇਬਲ / RITORNO ਅਤੇ ਕਾੱਪੀ

2. **ਪੋਸਤੇ ਇਤਲੀਆਨੇ**
   (ਬੁਸਟਾ ਪ੍ਰੀ- ਅਫ਼ਰੰਕਾਤਾ ਪੋਸਟਾ ਰਾਕਾਮੰਦਾਤਾ, ਏ 5 ਆਕਾਰ)
   *ਤਿਆਰ ਅਤੇ ਪੁਰਾਣੇ ਰੱਦ ਪਾਸਪੋਰਟ ਦੀ ਵਾਪਸੀ ਲਈ ਬੁਸਟਾ ਪ੍ਰੀ-ਅਫ਼ਰੰਕਾਤਾ ਪੋਸਤ ਰਾਕਾਮੰਦਾਤਾ ਲਿਫਾਫੇ ਦੇ ਨਮੂਨੇ ਲਈ ਇੱਥੇ ਕਲਿੱਕ ਕਰੋ ।

**D. <u>ਫੀਸ ਦਾ ਭੁਗਤਾਨ</u>**

ਲਾਗੂ ਫੀਸ ਬਾਰੇ ਸੇਵਾਵਾਂ ਦੇ ਨਾਲ ਵਿਸਥਾਰ ਵਿੱਚ ਦੱਸਿਆ ਗਿਆ ਹੈ । ਫੀਸਾਂ ਬੈਂਕ ਜਾਂ ਡਾਕਘਰ ਤੋਂ ਸਿਰਫ **ਡਿਮਾਂਡ ਡ੍ਰਾਫਟ (Assegno Circolare)** ਦੇ ਰੂਪ ਵਿੱਚ **Consulate General of India** ਦੇ ਹੱਕ ਵਿਚ ਜਾਮਾ ਕਰਵਾਉਣੀਆਂ ਹਨ ।

**E. <u>ਆਨ ਲਾਇਨ ਅਰਜੀ ਫਾਰਮ ਭਰਨ ਦੇ ਦਿਸ਼ਾ ਨਿਰਦੇਸ਼ :</u>**

a. https://embassy.passportindia.gov.in/), ਤੇ ਜਾਕੇ ਔਨ ਲਾਈਨ ਅਰਜੀ ਭਰ ਇਸਦਾ ਪ੍ਰਿੰਟ ਲੈਣਾ ਹੈ | ਅਰਜ਼ੀ ਫਾਰਮ ਪੂਰੀ ਸਾਵਧਾਨੀ ਨਾਲ ਭਰਿਆ ਜਾਵੇ ਅਤੇ ਸਹੀ ਜਾਣਕਾਰੀ ਪ੍ਰਦਾਨ ਕੀਤੀ ਜਾਵੇ |ਅਰਜ਼ੀ ਫਾਰਮ ਦੇ ਚਾਰ ਪੰਨੇ ਹੁੰਦੇ ਹਨ ।

b. ਬਿਨਾ ਕਿਸੇ ਤਬਦੀਲੀਆਂ ਦੀ ਸੂਰਤ ਵਿੱਚ ਪਾਸਪੋਰਟ ਦੀ ਅਰਜ਼ੀ ਮੌਜੂਦਾ ਪਾਸਪੋਰਟ ਵਾਂਗ ਹੀ ਵੇਰਵਿਆਂ ਨਾਲ ਭਰੀ ਜਾਣੀ ਚਾਹੀਦੀ ਹੈ ਮੌਜੂਦਾ ਪਾਸਪੋਰਟ ਵਿਚ ਕਿਸੇ ਵੀ ਸੁਧਾਰ ਲਈ ਸਮਰਥਨ ਦਸਤਾਵੇਜ਼ਾਂ ਦਾ ਨਾਲ ਹੋਣਾ ਜਰੂਰੀ ਹੈ |

c. ਅਰਜ਼ੀ ਫਾਰਮ ਦੇ ਪਹਿਲੇ ਅਤੇ ਆਖਰੀ ਪੰਨੇ ਵਿਖੇ ਹਸਤਾਖ਼ਰ ਕਰਨ ਵਾਲੀ ਥਾਂ (ਬਣੇ ਹੋਏ ਡੱਬੇ ਵਿਚ ) ਉਤੇ ਹਸਤਾਖ਼ਰ ਕੀਤੇ ਜਾਣ | ਸਾਰੇ ਹਸਤਾਖ਼ਰ ਨੀਲੇ ਜਾਂ ਕਾਲੇ ਬਾਲ ਪੇਨ ਨਾਲ ਅਤੇ ਗੂੜ੍ਹੇ ਕੀਤੇ ਹੋਣੇ ਚਾਹੀਦੇ ਹਨ | ਜੇਕਰ ਬਿਨੈਕਰਤਾ ਆਪਣੇ ਹਸਤਾਖ਼ਰ ਨਹੀਂ ਕਰ ਸਕਦਾ ਤਾ ਉਹ ਆਪਣੇ ਅੰਗੂਠੇ ਦੇ ਨਿਸ਼ਾਨ ਹਸਤਾਖ਼ਰ ਲਈ ਬਣੀ ਥਾਂਵਾ ਤੇ ਲਾਉਣ ||

i.ਪੁਰੁਸ਼ ਦੇ ਮਾਮਲੇ ਵਿਚ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਨ ਅਤੇ

ii.ਇਸਤਰੀ ਦੇ ਮਾਮਲੇ ਵਿਚ ਸੱਜੇ ਹੱਥ ਦੇ ਅੰਗੂਠੇ ਦੇ ਨਿਸ਼ਾਨ

d. **ਵਿਨੇਕਰਤਾ ਦੇ ਹਸਤਾਖ਼ਰ ਉਸਦੇ ਮੌਜੂਦਾ ਪਾਸਪੋਰਟ ਵਿਚ ਕੀਤੇ ਹਸਤਾਖਰਾਂ ਨਾਲ ਮਿਲਦੇ ਹੋਣੇ ਚਾਹੀਦੇ ਹਨ | ਜੇਕਰ ਵਿਨੇਕਰਤਾ ਆਪਣੇ ਹਸਤਾਖ਼ਰ ਬਦਲਣਾ ਚਾਹੁੰਦਾ ਹੈ ਤਾਂ**

i. ਇਸ ਕੇਸ ਵਿਚ ,ਅਰਜ਼ੀ ਫਾਰਮ ਦੇ ਪਹਲੇ ਪੰਨੇ ਦੇ ਹਸਤਾਖ਼ਰ ਵਾਲੀ ਥਾਂ ਤੇ ਆਵਦੇ ਨੰਵੇ ਹਸਤਾਖ਼ਰ ਕਰੇ,

ii.ਅਤੇ, ਨਵੇਂ ਅਤੇ ਪੁਰਾਣੇ ਹਸਤਾਖ਼ਰ ਆਖਰੀ ਪੰਨੇ ਤੇ ਕੀਤੇ ਜਾਣੇ ਚਾਹੀਦੇ ਹਨ (ਨਵੇਂ ਹਸਤਾਖ਼ਰ ਡੱਬੇ ਵਿਚ ਅਤੇ ਪੁਰਾਣੇ ਹਸਤਾਖ਼ਰ ਲਾਈਨ ਥੱਲੇ ਖਾਲੀ ਥਾਂ ਤੇ

e. ਹਾਲ ਦੀਆਂ ਦੋ ਰੰਗੀਨ ਫੋਟੂਆਂ | ਫੋਟੂਆਂ ਦੇ ਨਿਰਧਾਰਨ ਲਈ ਇਥੇ ਕਲਿਕ ਕਰੋ | ਦੋ ਨਵੀਆਂ ਫੋਟੂਆਂ (ਜੋ ਕਿ ਤਿੰਨ ਮਹੀਨੇ ਤੋਂ ਜਾਇਦਾ ਪੁਰਾਣੀਆਂ ਨਾ ਹੋਣ) ਐਪਲੀਕੇਸ਼ਨ ਫਾਰਮ ਤੇ ਲਾਉਣੀਆਂ ਹਨ |

i. **ਇਕ ਫੋਟੋ ਐਪਲੀਕੇਸ਼ਨ ਫਾਰਮ ਦੇ ਪਹਿਲੇ ਪੰਨੇ ਤੇ ਫੋਟੋ ਵਾਸਤੇ ਬਾਣੀ ਥਾਂ ਤੇ ਲਾਇ ਜਾਵੇ |**

ii. **ਦੂਸਰੀ ਫੋਟੋ ਐਪਲੀਕੇਸ਼ਨ ਫਾਰਮ ਦੇ ਚੌਥੇ /ਆਖਰੀ ਪੰਨੇ ਤੇ ਘੋਸ਼ਣਾਂਵਾਂ ਵਾਲੇ ਹਿੱਸੇ ਦੇ ਬਾਅਦ ਖਾਲੀ ਥਾਂ ਤੇ ਲਾਈ ਜਾਵੇ|**

**F. <u>ਦਿੱਖ ਦੀ ਤਬਦੀਲੀ:</u>**

ਜੇਕਰ ਮੌਜੂਦਾ ਪਾਸਪੋਰਟ ਤੇ ਲੱਗੀ ਫੋਟੋ ਅਤੇ ਬਿਨੈਕਾਰ ਦੀ ਮੌਜੂਦਾ ਤਸਵੀਰ ਵਿਚ ਕੋਈ ਵੱਡਾ ਬਦਲਾਵ ਹੋਇਆ ਹੈ, (ਇਹ ਉਮਰ ਜਾਂ ਦਸਤਾਰ ਕਾਰਨ ਹੋ ਸਕਦਾ ਹੈ), ਤਾ ਇਸ ਰੂਪ ਵਿਚ ਤਬਦੀਲੀ ਲਈ ਹਲਫੀਆ ਬਿਆਨ ਦੇਣਾ ਲਾਜ਼ਮੀ ਹੈ (Click here ਨਮੂਨਾ ਨੱਥੀ ਹੈ) |

**G.** ਅਰਜ਼ੀ ਫਾਰਮ ਵਿਚ ਆਪਣਾ ਈ-ਮੇਲ ਅਤੇ ਸੰਪਰਕ ਨੰਬਰ ਦੇਣਾ ਲਾਜ਼ਮੀ ਹੈ ਕਿਉਕਿ ਜੇਕਰ ਕੋਈ ਦਸਤਾਵੇਜ਼ ਘਟਦਾ ਹੈ ਤਾ ਆਪ ਜੀ ਨਾਲ ਅਸਾਨੀ ਨਾਲ ਸੰਪਰਕ ਕੀਤਾ ਜਾ ਸਕੇ.

**H. ਬਿਨੈਕਾਰਾਂ ਨੂੰ ਹੋਰ ਦਸਤਾਵੇਜ਼ਾਂ ਨਾਲ ਤਸਦੀਕ ਲਈ ਕੌਂਸਲੇਟ ਵਿਖੇ ਬੁਲਾਇਆ ਜਾ ਸਕਦਾ ਹੈ**

**I.**

a. ਬਾਲਗਾਂ ਲਈ ਅਰਜ਼ੀ
b. ਨਾਬਾਲਗਾਂ ਲਈ ਅਰਜ਼ੀ
c. ਨਵੇਂ ਜਨਮੇ ਬਿਨੈਕਾਰ ਲਈ ਅਰਜ਼ੀ
d. ਗੁਆਚੇ/ਖਰਾਬ ਹੋਏ ਪਾਸਪੋਰਟ ਲਈ ਅਰਜ਼ੀ
e. ਨਾਮ/ਉਪਨਾਮ ਵੱਖ ਲਈ ਐਪਲੀਕੇਸ਼ਨ
f. ਨਾਮ ਬਦਲਣ ਲਈ ਅਰਜ਼ੀ
g. ਵਿਆਹ/ਤਲਾਕ ਦੇ ਬਾਅਦ ਪਤੀ/ਪਤਨੀ ਦੇ ਨਾਮ ਨੂੰ ਸ਼ਾਮਲ ਜਾਂ ਮਿਟਾਉਣ ਲਈ ਅਰਜ਼ੀ

**J. <u>ਪਾਸਪੋਰਟ ਸੇਵਾ ਅਤੇ ਲੋੜੀਂਦੇ ਦਸਤਾਵੇਜ਼ :</u>**

| ਸੀ. ਨੰ | ਸੇਵਾ ਸ਼੍ਰੇਣੀ | ਚੈੱਕ ਲਿਸਟ |
|---|---|---|
| 1) | ਬਾਲਗਾਂ ਦੇ ਸੰਬੰਧ ਵਿੱਚ ਪਾਸਪੋਰਟ ਮੁੜ ਜਾਰੀ ਕਰਨਾ | 1. ਸਹੀ ਤਰੀਕੇ ਨਾਲ ਭਰੇ ਅਤੇ ਹਸਤਾਖਰ ਕੀਤੇ ਪਾਸਪੋਰਟ ਅਰਜੀ ਫਾਰਮ (https://embassy.passportindia.gov.in/ ਤੇ ਆਨਲਾਇਨ ਭਰੇ ਜਾਣਗੇ)<br>2. ਦੋ ਤਸਵੀਰਾਂ (5 ਸੈਮੀ. X 5 ਸੈਮੀ.) ਫੋਟੋ ਨਿਰਧਾਰਨ ਲਈ ਇਥੇ ਕਲਿੱਕ ਕਰੋ।<br>3. ਅਸਲ ਪਾਸਪੋਰਟ ਅਤੇ ਪਾਸਪੋਰਟ ਦੀਆਂ ਸਬੰਧਤ ਪੰਨਿਆਂ (ਪਹਿਲੇ, ਆਖਰੀ ਅਤੇ ਸਮਰਥਨ ਪੰਨੇ) ਦੀਆਂ ਸਪੱਸ਼ਟ ਕਾਪੀਆਂ (ਕਾਪੀਆਂ ਸਵੈ-ਪ੍ਰਮਾਣਿਤ ਹੋਇਆਂ)\|<br>4. ਬਿਨੈਕਾਰ ਦੀ ਵੈਧ ਨਿਵਾਸ ਆਗਿਆ ਦੀ ਕਾਨੂੰਨੀ ਕਾਪੀ, ਇਹ ਕਾਪੀ ਕਾਨੂੰਨੀ ਤੌਰ ਤੇ ਕੋਮੂਨੇ ਤੋਂ ਅਟੈਸਟ ਹੋਣੀ ਜਰੂਰੀ ਹੈ।<br>5. ਜੇ ਨਿਵਾਸ ਆਗਿਆ ਦੀ ਵੈਧਤਾ ਪਹਿਲਾਂ ਹੀ ਖਤਮ ਹੋ ਗਈ ਹੈ, ਤਾਂ ਉਸ ਦੇ ਨਵੀਨੀਕਰਣ ਦੀ ਰਸੀਦ ਦੀ ਇਕ ਸਪੱਸ਼ਟ ਕਾਪੀ ਨੱਥੀ ਕੀਤੀ ਜਾਣੀ ਚਾਹੀਦੀ ਹੈ\|<br>6. ਬਿਨੈਕਾਰ ਦੇ ਪਤੇ ਦੇ ਪ੍ਰਮਾਣ ਦੀ ਸਪੱਸ਼ਟ ਕੱਪੀ (ਸਵੈ-ਪ੍ਰਮਾਣਿਤ) (ਕਾਰਟਾ ਡੀ ਆਈਡੈਂਟੀਟਾ ਜਾਂ ਕੋਈ ਹੋਰ ਪ੍ਰਮਾਣ ਜਿਵੇਂ ਕਿ ਕੋਈ ਸਹੂਲਤ ਬਿੱਲ-ਬਿਜਲੀ/ਪਾਣੀ/ ਗੈਸ ਬਿੱਲ ਜਾਂ ਕਿਰਾਏ ਦੇ ਸਮਝੌਤੇ, ਓਸਪੀਤੀ ਅੰਗ੍ਰੇਜ਼ੀ ਵਿੱਚ ਅਨੁਵਾਦ ਦੇ ਨਾਲ).<br>7. ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ, (ਨਮੂਨਾ Click here) ਜੇਕਰ ਹੈ।<br>8. **ਫੀਸ ਦੇ ਵੇਰਵੇ:**<br>a. ਸਧਾਰਣ ਪਾਸਪੋਰਟ ਦੇ ਮੁੜ ਜਾਰੀ ਕਰਨ ਲਈ (36 ਪੰਨੇ):<br>a) 62 ਯੂਰੋ: ਬਿਨਾਂ ਦਿੱਖ ਬਦਲੇਦੇ<br>b) 87 ਯੂਰੋ: ਦਿੱਖਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ।<br>b. ਜੰਬੋ ਪਾਸਪੋਰਟ ਦੀ ਫੀਸ (60 ਪੰਨੇ):<br>a) 77 ਯੂਰੋ: ਬਿਨਾਂ ਦਿੱਖ ਬਦਲੇਦੇ<br>b) 102 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀ ਆਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ। |
| 2) | ਨਾਬਾਲਗਾਂ ਦੇ ਸਬੰਧ ਵਿਚ ਪਾਸਪੋਰਟ ਮੁੜ ਜਾਰੀ:<br>18 ਸਾਲ ਤੋਂ ਘੱਟ ਉਮਰ ਦੇ ਬੱਚੇ | 1. ਸਹੀ ਤਰੀਕੇ ਨਾਲ ਭਰੇ ਅਤੇ ਹਸਤਾਖਰ ਕੀਤੇ ਪਾਸਪੋਰਟ ਅਰਜੀ ਫਾਰਮ (https://embassy.passportindia.gov.in/ ਤੇ ਆਨਲਾਇਨ ਭਰੇ ਜਾਣਗੇ)<br>2. ਦੋ ਤਸਵੀਰਾਂ (5 ਸੈਮੀ. X 5 ਸੈਮੀ.) ਫੋਟੋ ਨਿਰਧਾਰਨ ਲਈ ਇਥੇ ਕਲਿੱਕ ਕਰੋ.<br>3. ਨਾਬਾਲਗ ਬਿਨੈਕਾਰ ਦੀ ਅਸਲ ਪਾਸਪੋਰਟ ਅਤੇ ਇਸ ਦੇ ਸਬੰਧਤ ਪੰਨਿਆਂ (ਪਹਿਲੇ, ਆਖਰੀ ਅਤੇ ਸਮਰਥਨ ਪੰਨੇ) ਦੀਆਂ ਸਪੱਸ਼ਟ ਕਾਪੀਆਂ (ਮਾਪਿਆਂ ਦੁਆਰਾ ਪ੍ਰਮਾਣਿਤ)\|<br>4. ਜੇਕਰ ਹੈ, ਤਾਂ ਨਾਬਾਲਗ ਬਿਨੈਕਾਰ ਦੇ ਨਿਵਾਸ ਆਗਿਆ ਦੀ ਕਾਪੀ (ਦੋਵੇਂ ਮਾਪਿਆਂ ਵੱਲੋ ਦਸਤਖਤ ਕੀਤੇ ਹੋਏ )।<br>5. ਦੋਵਾਂ ਮਾਪਿਆਂ ਦੇ ਪਾਸਪੋਰਟ ਦੀਆ ਸੰਬੰਧਤ ਪੰਨਿਆਂ ਦੀ ਸਪੱਸ਼ਟ ਕਾਪੀਆਂ (ਪਹਿਲੇ, ਆਖਰੀ ਅਤੇ ਸਮਰਥਨ ਪੰਨੇ, ਮਾਪਿਆਂ ਦੁਆਰਾ ਸਵੈ-ਪ੍ਰਮਾਣਿਤ)<br>6. ਮਾਤਾ ਪਿਤਾ ਦੇ ਨਿਵਾਸ ਆਗਿਆ ਦੀ ਸਾਫ ਕਾਪੀ. ਮਾਤਾ ਜਾ ਪਿਤਾ ਕਿਸੇ ਇਕ ਦੀ ਨਿਵਾਸ ਆਗਿਆ ਕੋਮੂਨੇ ਤੋਂ ਅਟੈਸਟ ਹੋਣੀ ਜਰੂਰੀ ਹੈ (copia conforme).<br>7. ਜੇ ਨਿਵਾਸ ਆਗਿਆ ਦੀ ਵੈਧਤਾ ਪਹਿਲਾਂ ਹੀ ਖਤਮ ਹੋ ਗਈ ਹੈ, ਤਾਂ ਉਸ ਦੇ ਨਵੀਨੀਕਰਣ ਦੀ ਰਸੀਦ ਦੀ ਇਕ ਸਪੱਸ਼ਟ ਕਾਪੀ ਨੱਥੀ ਕੀਤੀ ਜਾਣੀ ਚਾਹੀਦੀ ਹੈ. (ਮਾਪਿਆਂ ਵੱਲੋ ਸਵੈ-ਪ੍ਰਮਾਣਿਤ )\|<br>8. ਬਿਨੈਕਾਰ ਦੇ ਪਤੇ ਦੇ ਪ੍ਰਮਾਣ ਦੀ ਸਪੱਸ਼ਟ ਕੱਪੀ (ਸਵੈ-ਪ੍ਰਮਾਣਿਤ) (ਕਾਰਟਾ ਡੀ ਆਈਡੈਂਟੀਟਾ ਜਾਂ ਕੋਈ ਹੋਰ ਪ੍ਰਮਾਣ ਜਿਵੇਂ ਕਿ ਕੋਈ ਸਹੂਲਤ ਬਿੱਲ-ਬਿਜਲੀ / ਪਾਣੀ / ਗੈਸ ਬਿੱਲ ਜਾਂ ਕਿਰਾਏ ਦੇ ਸਮਝੌਤੇ, ਓਸਪੀਤੀ ਅੰਗ੍ਰੇਜ਼ੀ ਵਿੱਚ ਅਨੁਵਾਦ ਦੇ ਨਾਲ)\| (ਮਾਪਿਆਂ ਵੱਲੋ ਸਵੈ-ਪ੍ਰਮਾਣਿਤ )\|<br>9. ਨਾਬਾਲਗ ਬਿਨੈਕਾਰ ਦੀ ਪਾਸਪੋਰਟ ਅਰਜ਼ੀ ਲਈ ਮਾਪਿਆਂ ਵੱਲੋ ਘੋਸ਼ਣਾ ਪੱਤਰ (ਐਨੇਕਚਰ ਡੀ ਲਈ ਇੱਥੇ Click here). |

| | | |
|---|---|---|
| | | 10. **ਫੀਸ**<br>a) 42 ਯੂਰੋ: (ਉਮਰ 15 ਸਾਲਤੋਂਘੱਟ)<br>b) 62 ਯੂਰਸ (ਉਮਰ 15 ਸਾਲਤੋਂਵੱਧ) |
| 3) | ਪਹਿਲਾ ਪਾਸਪੋਰਟ ਨਾਬਾਲਗਾਂ/ਨਵ ਜਨਮੇ ਬੱਚਿਆਂ ਲਈ | 1. ਸਹੀ ਤਰੀਕੇ ਨਾਲ ਭਰੇ ਅਤੇ ਹਸਤਾਖਰ ਕੀਤੇ ਪਾਸਪੋਰਟ ਅਰਜੀ ਫਾਰਮ (https://embassy.passportindia.gov.in/ ਤੇ ਆਨਲਾਇਨ ਭਰੇ ਜਾਣਗੇ)<br>2. ਦੋ ਤਸਵੀਰਾਂ (5 ਸੈਮੀ. X 5 ਸੈਮੀ.) ਫੋਟੋ ਨਿਰਧਾਰਨ ਲਈ ਇਥੇ ਕਲਿੱਕ ਕਰੋ.<br>3. ਨਾਗਰਿਕਤਾ ਐਕਟ ਦੀ ਧਾਰਾ 1955, 4 (1) ਦੇ ਤਹਿਤ ਭਾਰਤੀ ਕੌਂਸਲੇਟ ਵਿਖੇ ਨਾਬਾਲਿਗ ਬੱਚੇ ਦੇ ਜਨਮਦੀ ਰਜਿਸਟ੍ਰੇਸ਼ਨ ਦੀ ਸ਼੍ਰੇਣੀ ਤਹਿਤ ਬੱਚੇ ਦੇ ਜਨਮ ਦਾ ਰਜਿਸਟ੍ਰੇਸ਼ਨ ਫਾਰਮ ਭਰਿਆ ਜਾਣਾ ਜਰੂਰੀ ਹੈ (https://indiancitizenshiponline.nic.in/ ਤੇ ਭਰਿਆ ਜਾ ਸਕਦਾ ਹੈ). ਜਨਮ ਰਜਿਸਟ੍ਰੇਸ਼ਨ ਫਾਰਮ ਦੇ ਪ੍ਰਿੰਟਆਉਟ ਤੇ ਮਾਤਾ ਪਿਤਾ ਦੋਨੋ ਵੱਲੋ ਦੱਸੇ ਗਏ ਦੋ ਥਾਵਾਂ ਤੇ ਦਸਤਖ਼ਤ ਹੋਣ ਉਪਰੰਤ ਜਾਮਾ ਕੀਤਾ ਜਾਣਾ ਚਾਹੀਦਾ ਹੈ<br>4. ਕੋਮੂਨੇ ਤੋਂ ਜਾਰੀ ਹੋਇਆਂ ਜਨਮ ਸਾਰਟੀਫਿਕੇਟ ਦੀ ਅਸਲ ਅਤੇ ਸਪੱਸ਼ਟ ਕਾਪੀ( ਜੇਕਰ ਇਟਲੀ ਵਿਚ ਜਨਮ ਹੋਇਆਂ ਹੈ) ਇਹ ਬਹੁ-ਭਾਸ਼ਾਈ ਜਾ ਅੰਗਰੇਜ਼ੀ ਵਿਚ ਅਨੁਵਾਦ ਹੋਇਆਂ, ਜਿਸ ਵਿਚ ਬਚੇ ਦਾ ਨਾਮ, ਜਨਮ ਤਰੀਕ ਅਤੇ ਸਥਾਨ, ਬਚੇ ਦਾ ਲਿੰਗ ਅਤੇ ਮਾਤਾ ਪਿਤਾ ਦੋਨਾਂ ਦੇ ਨਾਮ ਹੋਣੇ ਜਰੂਰੀ ਹਨ . ਜੇਕਰ ਬਚੇ ਦਾ ਜਨਮ ਇਟਲੀ ਤੋਂ ਬਾਹਰ ਹੋਇਆਂ ਹੈ ਤਾ ਉਸ ਮੁਲਕ ਦੇ ਕੋਂਸਲਾਵਾਸ/ਦੂਤਾਵਾਸ ਵੱਲੋ ਅਟੈਸਟ ਹੋਣ ਉਪਰੰਤ ਪਰਫਫੇਤੂਰੇ ਤੋਂ ਅਪੋਸਟਿੱਲ ਹੋਇ ਜਨਮ ਸਰਟੀਫਿਕੇਟ ਦੀ ਕਾਪੀ<br>5. ਜੇਕਰ ਹੈ, ਤਾਂ ਨਾਬਾਲਗ ਬਿਨੈਕਾਰ ਦੇ ਨਿਵਾਸ ਆਗਿਆ ਦੀ ਕਾਪੀ (ਦੋਵੇਂ ਮਾਪਿਆਂ ਵੱਲੋ ਦਸਤਖਤ ਕੀਤੇ ਹੋਏ )<br>6. ਦੋਵਾਂ ਮਾਪਿਆਂ ਦੇ ਪਾਸਪੋਰਟ ਦੀਆ ਸੰਬੰਧਤ ਪੰਨਿਆਂ ਦੀ ਸਪੱਸ਼ਟ ਕਾਪੀਆਂ (ਪਹਿਲੇ, ਆਖਰੀ ਅਤੇ ਸਮਰਥਨ ਪੰਨੇ, ਮਾਪਿਆਂ ਦੁਆਰਾ ਸਵੈ-ਪ੍ਰਮਾਣਿਤ)<br>7. ਮਾਤਾ ਪਿਤਾ ਦੇ ਨਿਵਾਸ ਆਗਿਆ ਦੀ ਸਾਫ ਕਾਪੀ. ਮਾਤਾ ਜਾ ਪਿਤਾ ਕਿਸੇ ਇਕ ਦੀ ਨਿਵਾਸ ਆਗਿਆ ਕੋਮੂਨੇ ਤੋਂ ਅਟੈਸਟ ਹੋਣੀ ਜਰੂਰੀ ਹੈ (copia conforme).<br>8. ਜੇ ਨਿਵਾਸ ਆਗਿਆ ਦੀ ਵੈਧਤਾ ਪਹਿਲਾਂ ਹੀ ਖਤਮ ਹੋ ਗਈਹੈ, ਤਾਂ ਉਸਦੇ ਨਵੀਨੀਕਰਣ ਦੀ ਰਸੀਦ ਦੀ ਇਕ ਸਪੱਸ਼ਟ ਕਾਪੀ ਨੱਥੀ ਕੀਤੀ ਜਾਣੀ ਚਾਹੀਦੀ ਹੈ (ਮਾਪਿਆਂ ਵੱਲੋ ਸਵੈ-ਪ੍ਰਮਾਣਿਤ )<br>9. ਬਿਨੈਕਾਰ ਦੇ ਪਤੇ ਦੇ ਪ੍ਰਮਾਣ ਦੀ ਸਪੱਸ਼ਟ ਕੱਪੀ (ਸਵੈ-ਪ੍ਰਮਾਣਿਤ) (ਕਾਰਟਾ ਡੀ ਆਈਡੈਂਟੀਟਾ ਜਾਂ ਕੋਈ ਹੋਰ ਪ੍ਰਮਾਣ ਜਿਵੇਂ ਕਿ ਕੋਈ ਸਹੂਲਤ ਬਿੱਲ-ਬਿਜਲੀ / ਪਾਣੀ / ਗੈਸ ਬਿੱਲ ਜਾਂ ਕਿਰਾਏ ਦੇ ਸਮਝੌਤੇ, ਓਸਪੀਤੀ ਅੰਗ੍ਰੇਜ਼ੀ ਵਿੱਚ ਅਨੁਵਾਦ ਦੇ ਨਾਲ).(ਮਾਪਿਆਂ ਵੱਲੋ ਸਵੈ-ਪ੍ਰਮਾਣਿਤ )<br>10. ਮਾਤਾ ਪਿਤਾ ਦੇ ਵਿਆਹ ਦੇ ਸਰਟੀਫਿਕੇਟ ਦੀ ਸਾਫ ਕਾਪੀ (ਸਵੈ-ਪ੍ਰਮਾਣਿਤ)<br>11. ਨਾਬਾਲਗ ਬਿਨੈਕਾਰ ਦੀ ਪਾਸਪੋਰਟ ਅਰਜ਼ੀ ਲਈ ਮਾਪਿਆਂ ਵੱਲੋ ਘੋਸ਼ਣਾ ਪੱਤਰ (ਐਨੇਕਚਰ ਡੀ ਲਈ ਇੱਥੇ Click here).<br>12. ਬਚੇ ਦੇਜਨਮ ਉਪਰੰਤ ਇਕ ਸਾਲ ਦੇ ਅੰਦਰ ਜਨਮ ਰਜਿਸਟਰਡ ਨਹੀਂ ਕੀਤਾ ਗਿਆ, ਤਾ ਦੋਨੋ ਮਾਪਿਆਂ ਵੱਲੋ ਸਹੀ ਤਰ੍ਹਾਂ ਦਸਖ਼ਤ ਹੋਇਆਂ ਲਿਖਤੀ ਰੂਪ ਵਿਚ ਜਨਮ ਰਜਿਸਟਰ ਦਾ ਕਾਰਣ \|<br>13. **ਫੀਸ: 63 ਯੂਰੋ (ਪਾਸਪੋਰਟ ਅਤੇ ਜਨਮ ਰਜਿਸਟਰੀ ਸਮੇਤ)** |
| 4) | ਗੁਆਚੇ/ਖਰਾਬ ਹੋਏ ਪਾਸਪੋਰਟ ਲਈ | 1. ਸਹੀ ਤਰੀਕੇ ਨਾਲ ਭਰੇ ਅਤੇ ਹਸਤਾਖਰ ਕੀਤੇ ਪਾਸਪੋਰਟ ਅਰਜੀ ਫਾਰਮ (https://embassy.passportindia.gov.in/ ਤੇ ਆਨਲਾਇਨ ਭਰੇ ਜਾਣਗੇ)<br>2. ਦੋ ਤਸਵੀਰਾਂ (5 ਸੈਮੀ. X 5 ਸੈਮੀ.) ਫੋਟੋ ਨਿਰਧਾਰਨ ਲਈ ਇਥੇ ਕਲਿੱਕ ਕਰੋ\|<br>3. ਪਾਸਪੋਰਟ ਦੀਆਂ ਸਬੰਧਤ ਪੰਨਿਆਂ (ਪਹਿਲੇ, ਆਖਰੀ ਅਤੇ ਸਮਰਥਨ ਪੰਨੇ) ਦੀਆਂ ਸਪੱਸ਼ਟ ਕਾਪੀਆਂ (ਕਾਪੀਆਂ ਸਵੈ-ਪ੍ਰਮਾਣਿਤ ਹੋਇਆਂ)\|<br>4. ਅੰਗਰੇਜ਼ੀ ਵਿਚ ਅਨੁਵਾਦ ਹੋਇ ਪੁਲਿਸ ਰਿਪੋਰਟ ਜਿਸਦੇ ਵਿਚ ਗਵਾਚੇ ਪਾਸਪੋਰਟ ਦਾ ਨੰਬਰ ਹੋਣਾ ਜਰੂਰੀ ਹੈ\| |

| | | |
|---|---|---|
| | | 5. ਬਿਨੈਕਾਰ ਦੀ ਵੈਧ ਨਿਵਾਸ ਆਗਿਆ ਦੀ ਕਾਨੂੰਨੀ ਕਾਪੀ, ਇਹ ਕਾਪੀ ਕਾਨੂੰਨੀ ਤੌਰ ਤੇ ਕੋਮੁਨੇ ਤੋਂ ਅਟੈਸਟ ਹੋਣੀ ਜਰੂਰੀ ਹੈ (copia conforme)<br>6. ਜੇ ਨਿਵਾਸ ਆਗਿਆ ਦੀ ਵੈਧਤਾ ਪਹਿਲਾਂ ਹੀ ਖਤਮ ਹੋ ਗਈ ਹੈ, ਤਾਂ ਉਸਦੇ ਨਵੀਨੀਕਰਣ ਦੀ ਰਸੀਦ ਦੀ ਇਕ ਸਪੱਸ਼ਟ ਕਾਪੀ ਨੱਥੀ ਕੀਤੀ ਜਾਣੀ ਚਾਹੀਦੀ ਹੈ\|<br>7. ਬਿਨੈਕਾਰ ਦੇ ਪਤੇ ਦੇ ਪ੍ਰਮਾਣ ਦੀ ਸਪੱਸ਼ਟ ਕਾੱਪੀ (ਸਵੈ-ਪ੍ਰਮਾਣਿਤ) (ਕਾਰਟਾ ਡੀ ਆਈਡੈਂਟੀਟਾ ਜਾਂ ਕੋਈ ਹੋਰ ਪ੍ਰਮਾਣ ਜਿਵੇਂ ਕਿ ਕੋਈ ਸਹੂਲਤ ਬਿੱਲ-ਬਿਜਲੀ / ਪਾਣੀ / ਗੈਸ ਬਿੱਲ ਜਾਂ ਕਿਰਾਏ ਦੇ ਸਮਝੌਤੇ, ਓਸਪੀਤੀ ਅੰਗ੍ਰੇਜ਼ੀ ਵਿੱਚ ਅਨੁਵਾਦ ਦੇ ਨਾਲ) (ਸਵੈ-ਪ੍ਰਮਾਣਿਤ)\|<br>8. ਗੁਆਚੇ ਹੋਏ ਪਾਸਪੋਰਟ ਦੇ ਬਦਲੇਵਿੱਚ ਪਾਸਪੋਰਟ ਦੇ ਮੁੜ ਜਾਰੀ ਕਰਨ ਲਈ ਨਿਯਮਤ ਤੌਰ ਤੇ ਭਰਿਆ ਘੋਸ਼ਣਾ ਪੱਤਰ 'ਅਨੇਕਚਰ ਐੱਫ (Annexure F') ਦੇ ਰੂਪ ਵਿਚ (ਨਮੂਨਾ ਨਾਲ ਜੁੜਿਆ ) (Click here Annexure F 'ਲਈ)\|<br>9. ਪੁਰੀ ਤਰ੍ਹਾਂ ਨਾਲ ਭਰੀਆਂ ਪੀਪੀ ਫਾਰਮ (ਨਿੱਜੀ ਵੇਰਵੇ) ਦੀਆਂ ਦੋ ਕਾਪੀਆਂ ਹਾਲਦੀਆ ਤਸਵੀਰਾਂ ਨਾਲ (Click here PP form ਲਈ)\|<br>10. ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ, (ਨਮੂਨਾ Click here) ਜੇਕਰ ਹੈ\|<br>11. **ਫੀਸ ਦੇ ਵੇਰਵੇ:**<br>ਸਧਾਰਣ ਪਾਸਪੋਰਟ ਦੇ ਮੁੜ ਜਾਰੀ ਕਰਨ ਲਈ (36 ਪੰਨੇ):<br>c) 112 ਯੂਰੋ: ਬਿਨਾਂ ਦਿੱਖ ਬਦਲੇ ਦੇ \|<br>d) 137 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ\|<br>ਜੰਬੋ ਪਾਸਪੋਰਟ ਦੀ ਫੀਸ (60 ਪੰਨੇ):<br>c) 132 ਯੂਰੋ: ਬਿਨਾਂ ਦਿੱਖ ਬਦਲੇਦੇ\|<br>d) 157ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ \| |
| 5) | ਨਾਮ/ਉਪਨਾਮ ਵੱਖ ਲਈ | 1. ਸਹੀ ਤਰੀਕੇ ਨਾਲ ਭਰੇ ਅਤੇ ਹਸਤਾਖਰ ਕੀਤੇ ਪਾਸਪੋਰਟ ਅਰਜੀ ਫਾਰਮ (https://embassy.passportindia.gov.in/ ਤੇ ਆਨਲਾਇਨ ਭਰੇ ਜਾਣਗੇ)\|<br>2. ਦੋ ਤਸਵੀਰਾਂ (5 ਸੈਮੀ. X 5 ਸੈਮੀ.) ਫੋਟੋ ਨਿਰਧਾਰਨ ਲਈ ਇਥੇ ਕਲਿੱਕ ਕਰੋ\|<br>3. ਅਸਲ ਪਾਸਪੋਰਟ ਅਤੇ ਪਾਸਪੋਰਟ ਦੀਆਂ ਸਬੰਧਤ ਪੰਨਿਆਂ (ਪਹਿਲੇ, ਆਖਰੀ ਅਤੇ ਸਮਰਥਨ ਪੰਨੇ) ਦੀਆਂ ਸਪੱਸ਼ਟ ਕਾਪੀਆਂ (ਕਾਪੀਆਂ ਸਵੈ-ਪ੍ਰਮਾਣਿਤ ਹੋਇਆਂ)\|<br>4. ਬਿਨੈਕਾਰ ਦੀ ਵੈਧ ਨਿਵਾਸ ਆਗਿਆ ਦੀ ਕਾਨੂੰਨੀ ਕਾਪੀ, ਇਹ ਕਾਪੀ ਕਾਨੂੰਨੀ ਤੌਰ ਤੇ ਕੋਮੁਨੇ ਤੋਂ ਅਟੈਸਟ ਹੋਣੀ ਜਰੂਰੀ ਹੈ\|<br>a) ਜੇਕਰ ਬਿਨੈਕਾਰ ਕੋਲ ਨਿਵਾਸ ਆਗਿਆ ਹੈ: ਇਹ ਕਾਪੀ ਕਾਨੂੰਨੀ ਤੌਰ ਤੇ ਕੋਮੁਨੇ ਤੋਂ ਅਟੈਸਟ ਹੋਣੀ ਜਰੂਰੀ ਹੈ (copia conforme) ਜੇ ਨਿਵਾਸ ਆਗਿਆ ਦੀ ਵੈਧਤਾ ਪਹਿਲਾਂ ਹੀ ਖਤਮ ਹੋ ਗਈ ਹੈ, ਤਾਂ ਉਸ ਦੇ ਨਵੀਨੀਕਰਣ ਦੀ ਰਸੀਦ ਦੀ ਇਕ ਸਪੱਸ਼ਟ ਕਾਪੀ ਨੱਥੀ ਕੀਤੀ ਜਾਣੀ ਚਾਹੀਦੀ ਹੈ\|<br>b) ਜੇਕਰਬਿਨੈਕਾਰਕੋਲਨਿਵਾਸਆਗਿਆਨਹੀਂਹੈਤਾ :<br>i) ਰਿਸ਼ਤੇਦਾਰ ਦੀਆਂ (ਏ) ਪਾਸਪੋਰਟ, (ਬੀ) ਨਿਵਾਸ ਆਗਿਆ ਅਤੇ (ਸੀ) ਕਾਰਤਾ ਦੀ ਆਈਡੈਂਟਿਤਾਂ ਦੀਆਂ ਸਾਫ ਕੱਪੀਆਂ ਜਿਨ੍ਹਾਂ ਦੇ ਪਰਿਵਾਰਕ ਵੀਜ਼ਾ ਤੇ ਬਿਨੈਕਾਰ ਆਇਆ ਹੈ\|<br>ii) ਰਿਸ਼ਤੇ ਨੂੰ ਸਾਬਿਤ ਕਰਨ ਲਈ ਠੋਸ ਦਸਤਾਵੇਜ਼ੀ ਸਬੂਤ ਹੋਣੇ ਚਾਹੀਦੇ ਹਨ, ਜਿਵੇਂ ਕਿ ਵਿਆਹ ਦਾ ਪ੍ਰਮਾਣ ਪੱਤਰ , ਜਨਮ ਦਾ ਪ੍ਰਮਾਣ ਪੱਤਰ , ਆਦਿ;<br>5. ਜੇ ਨਿਵਾਸ ਆਗਿਆ ਦੀ ਵੈਧਤਾ ਪਹਿਲਾਂ ਹੀ ਖਤਮ ਹੋ ਗਈ ਹੈ, ਤਾਂ ਉਸ ਦੇ ਨਵੀਨੀਕਰਣ ਦੀ ਰਸੀਦ ਦੀ ਇਕ ਸਪੱਸ਼ਟ ਕਾਪੀ ਨੱਥੀ ਕੀਤੀ ਜਾਣੀ ਚਾਹੀਦੀ ਹੈ\|<br>6. ਬਿਨੈਕਾਰ ਦੇ ਪਤੇ ਦੇ ਪ੍ਰਮਾਣ ਦੀ ਸਪੱਸ਼ਟ ਕਾੱਪੀ (ਸਵੈ-ਪ੍ਰਮਾਣਿਤ) (ਕਾਰਟਾ ਡੀ ਆਈਡੈਂਟੀਟਾ ਜਾਂ ਕੋਈ ਹੋਰ ਪ੍ਰਮਾਣ ਜਿਵੇਂ ਕਿ ਕੋਈ ਸਹੂਲਤ ਬਿੱਲ-ਬਿਜਲੀ / ਪਾਣੀ / |

| | | |
|---|---|---|
| | | ਗੈਸ ਬਿੱਲ ਜਾਂ ਕਿਰਾਏ ਦੇ ਸਮਝੌਤੇ, ਓਸਪੀਤੀ ਅੰਗ੍ਰੇਜ਼ੀ ਵਿੱਚ ਅਨੁਵਾਦ ਦੇ ਨਾਲ)\|<br>7. ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ, (ਨਮੂਨਾ Click here) ਜੇਕਰ ਹੈ\|<br>8. **ਫੀਸ ਦੇ ਵੇਰਵੇ:**<br>c. ਸਧਾਰਣ ਪਾਸਪੋਰਟ ਦੇ ਮੁੜ ਜਾਰੀ ਕਰਨ ਲਈ (36 ਪੰਨੇ):<br>e) 62 ਯੂਰੋ: ਬਿਨਾਂ ਦਿੱਖ ਬਦਲੇ ਦੇ \|<br>f) 87 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ \|<br>d. ਜੰਬੋ ਪਾਸਪੋਰਟ ਦੀ ਫੀਸ (60 ਪੰਨੇ):<br>e) 77 ਯੂਰੋ: ਬਿਨਾਂ ਦਿੱਖ ਬਦਲੇ ਦੇ \|<br>f) 102 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ \| |
| 6) | ਨਾਮ ਬਦਲਣ ਲਈ | ਉਪਰੋਕਤ ਸ਼੍ਰੇਣੀਆਂ ਦੇ ਅਨੁਸਾਰ ਦਸਤਾਵੇਜ਼ ਇਕੋ ਜਿਹੇ ਰਹਿਣੇ ਹਨ, ਇਸ ਤੋਂ ਇਲਾਵਾ ਹੇਠਾਂ ਦਿੱਤੇ ਸਹਾਇਕ ਦਸਤਾਵੇਜ਼ ਵੀ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ:<br>1. ਨਾਮ ਬਦਲੇ ਜਾਣ ਦਾ ਹਲਫਨਾਮਾ (ਨਮੂਨੇ ਲਈ click here ਕਲਿੱਕ ਕਰੋ)<br>2. ਨਾਮ ਬਦਲਣ ਲਈ ਦੋ ਰੋਜ਼ਾਨਾ ਅਖ਼ਬਾਰਾਂ ਵਿਚ ਇਸ਼ਤਿਹਾਰ, ਭਾਰਤ ਦੇ ਕਿਸੇ ਵੀ 'ਰਾਸ਼ਟਰੀ ਅਖਬਾਰ' ਵਿਚ ਅਤੇ ਇਕ ਇਟਲੀ ਦੇ ਅਖਬਾਰ ਵਿਚ। ਅਸਲ ਅਖਬਾਰ ਜਾਮਾ ਕਰਵਾਉਣਾ ਹੈ, ਅਤੇ ਇਹ ਇਸ਼ਤਿਹਾਰ ਇਕ ਸਾਲ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ ।<br>3. ਭਾਰਤ ਦੇ ਅਧਿਕਾਰੀਆਂ ਵੱਲੋ ਲੋੜੀਂਦੇ ਨਾਮ ਨਾਲ ਜਾਰੀ ਕੀਤੇ ਗਏ ਦੋ ਦਸਤਾਵੇਜ਼.<br>4. ਅਸੀਮਤ ਨਿਵਾਸ ਆਗਿਆ ਦੇ ਮਾਮਲੇ ਵਿਚ ਇਟਲੀ ਦੇ ਸਥਾਨਕ ਅਧਿਕਾਰੀਆਂ ਵਲੋਂ ਲੋੜੀਂਦੇ ਨਾਮ ਨਾਲ ਜਾਰੀ ਕੀਤੇ ਦੋ ਦਸਤਾਵੇਜ਼<br>5. **ਫੀਸ ਦੇ ਵੇਰਵੇ:**<br>ਸਧਾਰਣ ਪਾਸਪੋਰਟ ਦੇ ਮੁੜ ਜਾਰੀ ਕਰਨ ਲਈ (36 ਪੰਨੇ):<br>a) 87 ਯੂਰੋ: ਬਿਨਾਂ ਦਿੱਖ ਬਦਲੇ ਦੇ<br>b) 112 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ<br>ਜੰਬੋ ਪਾਸਪੋਰਟ ਦੀ ਫੀਸ (60 ਪੰਨੇ):<br>a) 102 ਯੂਰੋ: ਬਿਨਾਂ ਦਿੱਖ ਬਦਲੇ ਦੇ<br>b) 127 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ |
| 7) | ਵਿਆਹ/ਤਲਾਕ ਦੇ ਬਾਅਦ ਪਤੀ/ਪਤਨੀ ਦੇ ਨਾਮ ਨੂੰ ਸ਼ਾਮਲ ਜਾਂ ਮਿਟਾਉਣ ਲਈ ਅਰਜ਼ੀ | ਉਪਰੋਕਤ ਸ਼੍ਰੇਣੀਆਂ ਦੇ ਅਨੁਸਾਰ ਦਸਤਾਵੇਜ਼ ਇਕੋ ਜਿਹੇ ਰਹਿਣੇ ਹਨ, ਇਸ ਤੋਂ ਇਲਾਵਾ ਹੇਠਾਂ ਦਿੱਤੇ ਸਹਾਇਕ ਦਸਤਾਵੇਜ਼ ਵੀ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ:<br>1. **ਪਾਸਪੋਰਟ ਤੇ ਪਤੀ / ਪਤਨੀ ਦਾ ਨਾਮ ਸ਼ਾਮਲ ਕਰਨ ਦੇ ਮਾਮਲੇ ਵਿਚ**: ਮੈਰਿਜ ਸਰਟੀਫਿਕੇਟ ਦੀ ਸਪਸ਼ਟ ਕਾਪੀ (ਸਵੈ-ਪ੍ਰਮਾਣਿਤ). ਜੇ ਇਟਲੀ ਦੇ ਕੋਮੂਨੇ ਵਿਚ ਵਿਆਹ ਦੀ ਰਸਮ ਪੂਰੀ ਕੀਤੀ ਗਈ, ਤਾਂ ਵਿਆਹ ਦਾ ਪ੍ਰਮਾਣ ਪੱਤਰ ਪ੍ਰੀਫੇਤੂਰਾ ਤੋਂ ਅਪੌਸਟਿਲ ਕੀਤਾ ਜਾਣਾ ਚਾਹੀਦਾ ਹੈ ਅਤੇ ਅੰਗਰੇਜ਼ੀ ਵਿਚ ਅਨੁਵਾਦ ਲਾਜ਼ਮੀ ਹੈ. ਜੇ ਕਿਸੇ ਹੋਰ ਦੇਸ਼ ਵਿਚ ਵਿਆਹ ਦੀ ਰਸਮ ਪੂਰੀ ਕੀਤੀ ਜਾਂਦੀ ਹੈ, ਤਾਂ ਵਿਆਹ ਦਾ ਪ੍ਰਮਾਣ ਪੱਤਰ, ਅੰਗਰੇਜ਼ੀ ਵਿਚ, ਸਬੰਧਤ ਭਾਰਤੀ ਹਾਈ ਕਮਿਸ਼ਨ/ਦੂਤਾਵਾਸ /ਕੌਂਸਲੇਟ ਤੋਂ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ.<br>2. **ਪਾਸਪੋਰਟ ਤੇ ਪਤੀ / ਪਤਨੀ ਦਾ ਨਾਮ ਮਿਟਾਉਣ ਦੇ ਮਾਮਲੇ ਵਿਚ**: ਭਾਰਤ ਦੇ ਵਿਦੇਸ਼ ਮੰਤਰਾਲੇ ਤੋਂ ਪ੍ਰਮਾਣਿਤ ਹੋਇਆ, ਤਲਾਕ ਨਾਲ ਸੰਬੰਧਤ ਅਦਾਲਤ ਦੁਆਰਾ ਜਾਰੀ ਕੀਤਾ "ਤਲਾਕ ਦੇ ਫ਼ਰਮਾਨ" ਦੀ ਸਾਫ ਕਾਪੀ. ਜੇ "ਆਰਡਰ " ਇਟਲੀ ਵਿਚ ਜਾਰੀ ਹੋਏ ਤਾਂ ਇਸ ਨੂੰ ਪ੍ਰੈਫ਼ੇਤੂਰੇ ਤੋਂ ਅਪੋਸਤਿਲ ਕੀਤਾ ਜਾਣਾ ਚਾਹੀਦਾ ਹੈ ਅਤੇ ਅੰਗਰੇਜ਼ੀ ਵਿਚ ਅਨੁਵਾਦ ਲਾਜ਼ਮੀ ਹੈ. |

| | | |
|---|---|---|
| | | 3. **ਫੀਸ ਦੇ ਵੇਰਵੇ:**<br>ਸਧਾਰਣ ਪਾਸਪੋਰਟ ਦੇ ਮੁੜ ਜਾਰੀ ਕਰਨ ਲਈ (36 ਪੰਨੇ):<br>c) 62 ਯੂਰੋ: ਬਿਨਾਂ ਦਿੱਖ ਬਦਲੇ ਦੇ<br>d) 87 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ<br>ਜੰਬੋ ਪਾਸਪੋਰਟ ਦੀ ਫੀਸ (60 ਪੰਨੇ):<br>c) 77 ਯੂਰੋ: ਬਿਨਾਂ ਦਿੱਖ ਬਦਲੇ ਦੇ<br>d) 102 ਯੂਰੋ: ਦਿੱਖ ਦੀ ਤਬਦੀਲੀ ਲਈ ਹਲਫੀਆ ਬਿਆਨ ਦੇ ਨਾਲ, ਜੇਕਰ ਪਾਸਪੋਰਟ ਦੀ ਮਿਆਦ ਇੱਕ ਸਾਲ ਤੋਂ ਵੱਧ ਹੈ |

e.